# ਐਲਨ ਦੀ ਅਗਵਾਈ ਵਾਲੀ ਲੇਬਰ ਸਰਕਾਰ ਰਹਿਣ-ਸਹਿਣ ਦੇ ਖ਼ਰਚਿਆਂ ਵਿੱਚ ਅਸਲੀ ਸਹਾਇਤਾ ਕਰ ਰਹੀ ਹੈ

Punjabi | ਪੰਜਾਬੀ



## ਰਹਿਣ-ਸਹਿਣ ਦੇ ਖ਼ਰਚੇ ਵਿੱਚ ਸਹਾਇਤਾ

### 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਮੁਫ਼ਤ ਪਬਲਿਕ ਟਰਾਂਸਪੋਰਟ

ਮਾਪਿਆਂ ਲਈ, ਹਰ ਡਾਲਰ ਜੁੜਨਾ ਮਾਇਨੇ ਰੱਖਦਾ ਹੈ। ਇਸੇ ਲਈ ਅਸੀਂ 1 ਜਨਵਰੀ ਤੋਂ 18 ਸਾਲ ਤੋਂ ਘੱਟ ਉਮਰ ਦੇ ਵਿਕਟੋਰੀਆ ਵਾਸੀਆਂ ਲਈ **ਟ੍ਰੇਨਾਂ, ਟਰਾਮਾਂ ਅਤੇ ਬੱਸਾਂ ਮੁਫ਼ਤ ਕਰ ਰਹੇ ਹਾਂ**।

### ਸੂਬੇ ਭਰ ਵਿੱਚ ਬਜ਼ੁਰਗਾਂ ਲਈ ਵੀਕਐਂਡ 'ਤੇ ਮੁਫ਼ਤ ਪਬਲਿਕ ਟਰਾਂਸਪੋਰਟ

ਅਸੀਂ **ਵੀਕਐਂਡ 'ਤੇ ਸੀਨੀਅਰ ਕਾਰਡ ਵਾਲੇ ਵਿਕਟੋਰੀਆ ਵਾਸੀਆਂ ਲਈ** ਪਬਲਿਕ ਟਰਾਂਸਪੋਰਟ ਮੁਫ਼ਤ ਕਰ ਰਹੇ ਹਾਂ। ਇਹ ਪੋਤੇ-ਪੋਤੀਆਂ ਨੂੰ ਮਿਲਣ ਜਾਣਾ ਅਤੇ ਸਾਡੇ ਸੂਬੇ ਦੁਆਰਾ ਪੇਸ਼ ਕੀਤੀ ਜਾਣ ਵਾਲੀ ਹਰ ਚੀਜ਼ ਦਾ ਆਨੰਦ ਲੈਣਾ ਆਸਾਨ ਬਣਾ ਦੇਵੇਗਾ, **1 ਜਨਵਰੀ ਤੋਂ ਸ਼ੁਰੂ ਹੋ ਰਿਹਾ ਹੈ**।

### ਮੁਫ਼ਤ ਫਾਰਮੇਸੀ ਦੇਖਭਾਲ

**ਹੁਣ ਤੁਸੀਂ ਆਪਣੇ ਨੇੜਲੇ ਕੈਮਿਸਟ ਤੋਂ ਬਿਨਾਂ ਕਿਸੇ ਡਾਕਟਰੀ ਪਰਚੀ ਦੇ ਹੋਰ ਬਹੁਤ ਸਾਰੀਆਂ ਸਿਹਤ ਸੰਬੰਧੀ ਬਿਮਾਰੀਆਂ ਲਈ ਸਲਾਹ ਅਤੇ ਇਲਾਜ ਲੈ ਸਕਦੇ ਹੋ** – ਜਿਸ ਨਾਲ ਡਾਕਟਰ ਕੋਲ ਜਾਣ ਦਾ ਸਮਾਂ ਅਤੇ ਪੈਸਾ ਬਚੇਗਾ।

### ਊਰਜਾ ਬਿੱਲ ਵਿੱਚ ਸਹਾਇਤਾ

**ਅਸੀਂ ਸੋਲਰ ਅਤੇ ਊਰਜਾ-ਕੁਸ਼ਲ ਹੌਟ ਵਾਟਰ ਸਿਸਟਮਾਂ ਲਈ ਹੋਰ ਰੀਬੇਟ ਦੇ ਰਹੇ ਹਾਂ**, ਤਾਂ ਜੋ ਵਿਕਟੋਰੀਆ ਦੇ ਪਰਿਵਾਰ ਆਪਣੇ ਊਰਜਾ ਬਿੱਲ ਘਟਾ ਸਕਣ।

### $100 ਦਾ ਪਾਵਰ ਸੇਵਿੰਗ ਬੋਨਸ

ਅਸੀਂ ਰਿਆਇਤੀ ਕਾਰਡ ਰੱਖਣ ਵਾਲੇ ਘਰਾਂ ਲਈ **$100 ਦਾ ਪਾਵਰ ਸੇਵਿੰਗ ਬੋਨਸ** ਦੇ ਕੇ ਸਹਾਇਤਾ ਕਰ ਰਹੇ ਹਾਂ, ਤਾਂ ਜੋ ਲੋੜਵੰਦ ਪਰਿਵਾਰਾਂ ਨੂੰ ਰਾਹਤ ਮਿਲੇ।

### ਬਚਪਨ ਦੀ ਸ਼ੁਰੂਆਤੀ ਸਿੱਖਿਆ


ਅਸੀਂ **ਮੁਫ਼ਤ ਕਿੰਡਰ** ਦੇ ਰਹੇ ਹਾਂ – ਪਰਿਵਾਰਾਂ ਨੂੰ ਹਰੇਕ ਬੱਚੇ ਦੀ ਫ਼ੀਸ 'ਤੇ $2,600 ਤੱਕ ਦੀ ਬੱਚਤ ਕਰ ਰਹੇ ਹਾਂ।

### ਭੋਜਨ ਚੈਰਿਟੀਆਂ ਲਈ ਵਧੇਰੇ ਸਹਾਇਤਾ

ਹੁਣ ਪਹਿਲਾਂ ਨਾਲੋਂ ਜ਼ਿਆਦਾ ਆਸਟ੍ਰੇਲੀਅਨ ਭੋਜਨ ਚੈਰਿਟੀਆਂ 'ਤੇ ਨਿਰਭਰ ਕਰ ਰਹੇ ਹਨ, ਇਸ ਲਈ ਅਸੀਂ ਕਮਿਊਨਿਟੀ ਫੂਡ ਰਿਲੀਫ਼ ਪ੍ਰੋਗਰਾਮ ਨੂੰ ਦੁੱਗਣਾ ਕਰ ਰਹੇ ਹਾਂ।

## ਉਹ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨਾ, ਜਿਨ੍ਹਾਂ 'ਤੇ ਪਰਿਵਾਰ ਨਿਰਭਰ ਕਰਦੇ ਹਨ

### ਐਲਨ ਦੀ ਅਗਵਾਈ ਵਾਲੀ ਇਹ ਲੇਬਰ ਸਰਕਾਰ ਉਨ੍ਹਾਂ ਸੇਵਾਵਾਂ ਵਿੱਚ ਹੋਰ ਨਿਵੇਸ਼ ਕਰ ਰਹੀ ਹੈ ਜੋ ਪਰਿਵਾਰਾਂ ਲਈ ਮਹੱਤਵਪੂਰਨ ਹਨ



### ਨੌਂ ਨਵੇਂ ਜਾਂ ਵਧਾਏ ਗਏ ਹਸਪਤਾਲ ਖੋਲ੍ਹ ਰਹੇ ਹਾਂ

ਅਸੀਂ ਨਵਾਂ **Footscray Hospital,** ਨਵੀਨਕਰਨ ਕੀਤਾ **Frankston Hospital**, ਅਤੇ ਵੱਡਾ ਕੀਤਾ **Maryborough Hospital** ਖੋਲ੍ਹ ਰਹੇ ਹਾਂ, ਇਸ ਤੋਂ ਇਲਾਵਾ ਪੂਰੇ ਵਿਕਟੋਰੀਆ ਵਿੱਚ ਹਸਪਤਾਲਾਂ ਨੂੰ ਬਿਹਤਰ ਬਣਾ ਰਹੇ ਹਾਂ।

### ਮੈਟਰੋ ਸੁਰੰਗ ਨਾਲ ਵਧੇਰੇ ਰੇਲ ਸੇਵਾਵਾਂ

ਅਸੀਂ ਮੈਟਰੋ ਸੁਰੰਗ ਖੋਲ੍ਹਣ ਦੀ ਤਿਆਰੀ ਕਰ ਰਹੇ ਹਾਂ, ਜਿਸ ਨਾਲ ਸਨਬਰੀ, **ਕ੍ਰੈਨਬੌਰਨ ਅਤੇ ਪੈਕਨਹੈਮ ਲਾਈਨਾਂ 'ਤੇ ਵਧੇਰੇ ਟਰੇਨ ਸੇਵਾਵਾਂ ਚਲਾਈਆਂ ਜਾਣਗੀਆਂ**। ਅਤੇ ਮੈਟਰੋ ਸੁਰੰਗ ਸਿਟੀ ਲੂਪ ਵਿੱਚ ਜਗ੍ਹਾ ਖ਼ਾਲੀ ਕਰਕੇ, **ਸੈਂਡਰਿੰਗਮ, ਕ੍ਰੇਗੀਬਰਨ, ਅੱਪਫੀਲਡ ਅਤੇ ਵੈਰੀਬੀ ਲਾਈਨਾਂ 'ਤੇ ਵਧੇਰੇ ਰੇਲ ਸੇਵਾਵਾਂ ਲਿਆਉਣ ਵਿੱਚ ਯੋਗਦਾਨ ਪਾਏਗੀ**।

### ਸੁਰੱਖਿਅਤ ਭਾਈਚਾਰੇ

ਅਸੀਂ ਆਪਣੇ **ਸਖ਼ਤ ਕੀਤੇ ਨਵੇਂ ਜ਼ਮਾਨਤ ਨਿਯਮਾਂ ਦਾ ਸਮਰਥਨ ਕਰਨ ਅਤੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਲਈ** ਆਪਣੀਆਂ ਅਦਾਲਤਾਂ, ਜੇਲ੍ਹਾਂ, ਯੁਵਾ ਨਿਆਂ ਪ੍ਰਣਾਲੀ ਅਤੇ ਪੁਲਿਸ ਨੂੰ ਮਜ਼ਬੂਤ ਕਰ ਰਹੇ ਹਾਂ।

### ਨਵੇਂ ਅਤੇ ਅੱਪਗ੍ਰੇਡ ਕੀਤੇ ਹੋਏ ਸਕੂਲ

ਅਸੀਂ **ਨਵੇਂ ਅਤੇ ਅੱਪਗ੍ਰੇਡ ਕੀਤੇ ਸਕੂਲਾਂ** ਵਿੱਚ ਨਿਵੇਸ਼ ਕਰ ਰਹੇ ਹਾਂ, ਅਤੇ ਇਹ **ਯਕੀਨੀ ਬਣਾ ਰਹੇ ਹਾਂ ਕਿ ਵਿਦਿਆਰਥੀ ਸਾਖਰਤਾ ਅਤੇ ਗਣਿਤ** ਵਿੱਚ ਬੇਹਤਰੀਨ ਕਾਰਗੁਜ਼ਾਰੀ ਕਰ ਸਕਣ।

### ਭਵਿੱਖ ਲਈ ਹੁਨਰ

ਅਸੀਂ ਇਹ ਯਕੀਨੀ ਬਣਾਉਣ ਲਈ **ਮੁਫ਼ਤ TAFE** ਪ੍ਰਦਾਨ ਕਰ ਰਹੇ ਹਾਂ ਕਿ ਵਿਕਟੋਰੀਆ ਦੇ ਲੋਕਾਂ ਕੋਲ **ਚੰਗੀਆਂ, ਸੁਰੱਖਿਅਤ ਨੌਕਰੀਆਂ** ਪ੍ਰਾਪਤ ਕਰਨ ਲਈ ਲੋੜੀਂਦੇ ਹੁਨਰ ਹੋਣ।

### ਸਾਡੀਆਂ ਸੜਕਾਂ ਅਤੇ ਖੱਡਿਆਂ ਦੀ ਮੁਰੰਮਤ ਕਰਨਾ

ਅਸੀਂ ਸੂਬੇ ਭਰ ਵਿੱਚ ਸੜਕਾਂ ਅਤੇ ਖੱਡਿਆਂ ਦੀ ਮੁਰੰਮਤ ਕਰ ਰਹੇ ਹਾਂ।

### ਛੋਟੇ ਕਾਰੋਬਾਰਾਂ ਦਾ ਸਮਰਥਨ ਕਰਨਾ

ਅਸੀਂ ਸਰਕਾਰੀ ਨਿਯਮਾਂ ਨੂੰ ਘਟਾ ਰਹੇ ਹਾਂ ਅਤੇ ਛੋਟੇ ਕਾਰੋਬਾਰਾਂ ਲਈ ਵਧੇਰੇ ਮਦੱਦ ਉਪਲਬਧ ਕਰਵਾ ਰਹੇ ਹਾਂ।

ਵਿਕਟੋਰੀਆਈ ਸਰਕਾਰ, 1 ਟ੍ਰੇਜ਼ਰੀ ਪਲੇਸ, ਮੈਲਬੌਰਨ ਦੁਆਰਾ ਅਧਿਕਾਰਤ